**ਸ਼੍ਰੇਣੀ** : XII

**ਮਾਡਲ ਟੈਸਟ ਪੇਪਰ (ਟਰਮ-2)**

**ਅਕਾਦਮਿਕ ਸਾਲ-(2021-22)**

**ਵਿਸ਼ਾ: ਸਮਾਜ ਸ਼ਾਸਤਰ**

ਸਮਾਂ : 2 ਘੰਟੇ 30 ਮਿੰਟ ਕੁੱਲ ਅੰਕ:40

**ਪ੍ਰਸ਼ਨ ਪੱਤਰ ਲਈ ਹਦਾਇਤਾਂ:**

**1. ਇਸ ਪ੍ਰਸ਼ਨ ਪੱਤਰ ਵਿੱਚ ਕੁੱਲ 4 ਭਾਗ (ੳ,ਅ,ੲ,ਸ) ਹਨ। ਸਾਰੇ ਪ੍ਰਸ਼ਨ ਜ਼ਰੂਰੀ ਹਨ।**

**2. ਹਰੇਕ ਪ੍ਰਸ਼ਨ ਦੇ ਅੰਕ ਪ੍ਰਸ਼ਨ ਦੇ ਸਾਹਮਣੇ ਦਰਸਾਏ ਗਏ ਹਨ।**

**ਭਾਗ (ੳ)**

**ਨੋਟ: ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦਿਓ:- 1*6=6 ਅੰਕ**

1. ਸੰਸਕ੍ਰਿਤੀਕਰਨ ਦੀ ਧਾਰਨਾ ਕਿਸ ਨੇ ਦਿੱਤੀ ? 1 ਅੰਕ
2. ਵਿਸ਼ਵੀ ਪਿੰਡ ਦਾ ਸੰਕਲਪ ਕਿਸ ਨੇ ਦਿੱਤਾ? 1 ਅੰਕ
3. ਚਿਪਕੋ ਅੰਦੋਲਨ ਦਾ ਮੋਢੀ ਕੌਣ ਸੀ ? 1 ਅੰਕ
4. ਨਸ਼ਾਖੋਰੀ ਤੋ ਕੀ ਭਾਵ ਹੈ? 1 ਅੰਕ
5. 2011 ਦੀ ਜਨਗਣਨਾ ਅਨੁਸਾਰ ਭਾਰਤ ਦਾ ਲਿੰਗ ਅਨੁਪਾਤ ਕਿੰਨਾ ਹੈ ? 1 ਅੰਕ
6. ਪੀ ਐੱਨ ਡੀ ਟੀ ਦਾ ਪੂਰਾ ਨਾਂ ਕੀ ਹੈ। 1 ਅੰਕ

**ਭਾਗ (ਅ)**

**ਨੋਟ: ਕੋਈ 6 ਪ੍ਰਸ਼ਨ ਕਰੋ| ਹਰੇਕ ਪ੍ਰਸ਼ਨ ਦਾ ਉੱਤਰ ਤਿੰਨ ਤੋਂ ਚਾਰ ਲਾਈਨਾਂ ਵਿੱਚ ਦਿਓ| 3*6=18 ਅੰਕ**

1. ਮਾਨਵਤਾਵਾਦ ਤੋ ਕੀ ਭਾਵ ਹੈ ? 3 ਅੰਕ
2. ਨਿੱਜੀਕਰਨ ਤੋਂ ਤੁਸੀਂ ਕੀ ਸਮਝਦੇ ਹੋ ? 3 ਅੰਕ
3. ਕੋਈ ਦੋ ਜਾਤੀ ਅੰਦੋਲਨ ਦਾ ਚਰਚਾ ਕਰੋ ? 3 ਅੰਕ
4. ਸ਼ਰਾਬਖੋਰੀ ਦੇ ਕੋਈ ਤਿੰਨ ਪ੍ਰਭਾਵ ਦਸੋ ? 3 ਅੰਕ
5. ਭਾਰਤ ਵਿੱਚ ਕੰਨਿਆ ਭਰੂਣ ਹੱਤਿਆ ਤੇ ਇੱਕ ਨੋਟ ਲਿਖੋ | 3 ਅੰਕ
6. ਪੰਜਾਬ ਵਿਚ ਕਿਸਾਨ ਅੰਦੋਲਨ ਲਈ ਜਿੰਮੇਵਾਰ ਕੋਈ ਤਿੰਨ ਕਾਰਨ ਦੱਸੋ | 3 ਅੰਕ
7. ਕੀ ਪੱਛਮੀਕਰਨ ਸਮਾਜ ਸੁਧਾਰ ਵੱਲ਼ ਆਗਾਂਹ ਵਧੂ ਕਦਮ ਹੈ। ਚਰਚਾ ਕਰੋ। 3 ਅੰਕ
8. ਨਸ਼ਾ ਖੋਰੀ ਦੀ ਸਮੱਸਿਆ ਤੇ ਨੋਟ ਲਿਖੋ। 3 ਅੰਕ

## ਭਾਗ (ੲ)

**ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦਾ ਉੱਤਰ ਦਿਓ:-** 1*4=4 ਅੰਕ

ਬਿਰਧ ਅਵਸਥਾ ਵਿੱਚ ਪੈਰ ਰੱਖਣ ਲੱਗਿਆਂ ਜ਼ਿਆਦਾਤਰ ਲੋਕ ਬਹੁਤ ਘੱਟ ਜਾਂ ਬਿਲਕੁਲ ਵੀ ਜਾਗਰੂਕ ਨਹੀਂ ਹੁੰਦੇ ਕਿ ਉਨ੍ਹਾਂ ਨਾਲ ਕੀ ਹੋਣ ਵਾਲਾ ਹੈ| ਜਨਤਕ ਤੌਰ ਤੇ 60 ਸਾਲ ਦੀ ਉਮਰ ਨੂੰ ਸੀਨੀਅਰ ਨਾਗਰਿਕ ਦੇ ਰੂਪ ਵਿੱਚ ਗਿਣਿਆ ਜਾਂਦਾ ਹੈ| ਇਸ ਤੋਂ ਇਲਾਵਾ ਹੋਰ ਕੋਈ ਹਵਾਲਾ ਸਪੱਸ਼ਟ ਨਹੀਂ ਹੈ | ਹਰ ਇਕ ਵਿਅਕਤੀ ਦਾ ਬਿਰਧ ਅਵਸਥਾ ਲਈ ਇੱਕ ਵੱਖਰਾ ਸਮਾਂ ਹੁੰਦਾ ਹੈ ਜਦੋਂ ਉਸ ਨੂੰ ਇਹ ਲਗਦਾ ਹੈ ਕਿ ਉਹ ਮਾਨਸਿਕ ਅਤੇ ਸਰੀਰਕ ਤੌਰ ਉੱਤੇ ਕਾਰਜ ਕਰਨ ਦੇ ਯੋਗ ਨਹੀਂ ਰਿਹਾ| ਇਹ ਸਮਾਂ 60 ਸਾਲ ਦੀ ਉਮਰ ਤੋਂ ਬਾਅਦ ਵੀ ਆ ਸਕਦਾ ਹੈ| ਭਾਰਤ ਵਿਚ ਰਸਮੀ ਤੌਰ ਤੇ ਵੱਡੀ ਉਮਰ ਦੇ ਲੋਕਾਂ ਲਈ ਜਾਗਰੂਕਤਾ ਪ੍ਰੋਗਰਾਮਾਂ ਦੀ ਕਮੀ ਬਹੁਤ ਜ਼ਿਆਦਾ ਹੈ | ਮਨੁੱਖੀ ਸੰਸਾਧਨ ਵਿਭਾਗ ਵੱਲੋਂ ਵਿਅਕਤੀਆਂ ਨੂੰ ਬਿਰਧ ਅਵਸਥਾ ਵਿੱਚ ਪੈਰ ਰੱਖਣ ਵਾਲੇ ਵਿਅਕਤੀਆਂ ਲਈ ਕਦਮ ਚੁੱਕੇ ਜਾਣ ਤਾਂ ਬਿਰਧ ਵਿਅਕਤੀਆਂ ਨੂੰ ਇਸ ਪੜਾਅ ਦੀਆਂ ਸਮੱਸਿਆਵਾਂ ਨਾਲ ਘੱਟ ਜੂਝਣਾ ਪਵੇਗਾ | ਜਿਹੜੇ ਵਿਅਕਤੀ ਗ਼ੈਰ-ਸੰਗਠਤ ਖੇਤਰ ਵਿੱਚ ਜਾਂ ਆਪਣੇ ਕੰਮ ਕਰਦੇ ਹਨ ਉਹਨਾਂ ਨੂੰ ਸਰਕਾਰੀ ਅਦਾਰਿਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੀ ਮਦਦ ਨਾਲ ਜਾਗਰੂਕ ਕੀਤਾ ਜਾ ਸਕਦਾ ਹੈ|

1. ਬਿਰਧ ਅਵਸਥਾ ਵਿੱਚ ਵਿਅਕਤੀ ਨਾਲ ਕੀ ਵਾਪਰਦਾ ਹੈ? 1 ਅੰਕ
2. ਭਾਰਤ ਵਿੱਚ ਕਿੰਨੀ ਉਮਰ ਦੇ ਵਿਅਕਤੀ ਨੂੰ ਸੀਨੀਅਰ ਨਾਗਰਿਕ ਗਿਣਿਆ ਜਾਂਦਾ ਹੈ ? 1 ਅੰਕ
3. ਗ਼ੈਰ-ਸੰਗਠਤ ਖੇਤਰ ਵਿੱਚ ਕੰਮ ਕਰਦੇ ਵਿਅਕਤੀਆਂ ਨੂੰ ਕਿਵੇਂ ਜਾਗਰੂਕ ਕੀਤਾ ਜਾ ਸਕਦਾ ਹੈ ? 1 ਅੰਕ
4. ਭਾਰਤ ਵਿੱਚ ਕਿਹੜੀ ਉਮਰ ਦੇ ਵਿਅਕਤੀਆਂ ਲਈ ਸਿਖਲਾਈ ਪ੍ਰੋਗਰਾਮ ਦੀ ਕਮੀ ਹੈ ? 1 ਅੰਕ

## ਭਾਗ (ਸ)

ਨੋਟ: ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 100-150 ਸ਼ਬਦਾਂ ਵਿੱਚ ਦਿਓ:-

1. ਪੱਛਮੀਕਰਨ ਅਤੇ ਸੰਸਕ੍ਰਿਤੀਕਰਨ ਵਿੱਚ ਭਿੰਨਤਾ ਸਪੱਸਟ ਕਰੋ ? 6 ਅੰਕ

   ਜਾਂ

   ਆਧੁਨਿਕੀਕਰਨ ਦੀ ਪ੍ਰਕਿਰਿਆ ਦੀ ਵਿਸਥਾਰ ਪੂਰਵਕ ਚਰਚਾ ਕਰੋ |

2. ਸਮਾਜਿਕ ਅੰਦੋਲਨ ਦੀਆਂ ਵਿਸ਼ੇਸਤਾਵਾਂ ਉਪਰ ਨੋਟ ਲਿਖੋ | 6 ਅੰਕ

   ਜਾਂ

   ਸ਼ਰਾਬਖੋਰੀ ਦੇ ਤਿੰਨ ਪੜਾਵਾਂ ਤੇ ਵਿਸਥਾਰ ਨਾਲ ਟਿੱਪਣੀ ਕਰੋ |